Downloaded From http://www.teachers-eligibility-test.com

Test Booklet No.
परीक्षा पुस्तिका संख्या

56398

This booklet contains 20 pages.
इस पुस्तिका में 20 पृष्ठ हैं ।

# JBC – 12A

PAPER I / प्रश्न-पत्र I
PART IV & V / भाग IV & V
Punjabi Language Supplement
पंजाबी भाषा परिशिष्ट

Test Booklet Code
परीक्षा पुस्तिका संकेत

**F**

**Do not open this Test Booklet until you are asked to do so.**
**इस परीक्षा पुस्तिका को तब तक न खोलें जब तक कहा न जाए ।**

**Read carefully the Instructions on the Back Cover (Page 19 & 20) of this Test Booklet.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**

**For instructions in Punjabi see Page 2 of this booklet. / पंजाबी में निर्देशों के लिए इस पुस्तिका का पृष्ठ 2 देखें ।**

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Blue / Black Ball Point Pen only** for writing particulars on this page / marking responses in the Answer Sheet.
5. The CODE for this Language Booklet is **F**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part IV : Language I – (Punjabi) *(Q. 91 to Q. 120)*
   Part V : Language II – (Punjabi) *(Q. 121 to Q. 150)*
7. Part IV contains 30 questions for Language I and Part V contains 30 questions for Language II. In this Test Booklet, only questions pertaining to Punjabi language have been given. **In case the language/s you have opted for as Language I and/or Language II is a language other than Punjabi, please ask for a Test Booklet that contains questions on that language. The languages being answered must tally with the languages opted for in your Application Form.**
8. **Candidates are required to attempt questions in Part V (Language II) in a language other than the one chosen as Language I (in Part IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

## *परीक्षार्थियों के लिए निर्देश*

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल नीले/काले बॉल पॉइंट पेन** का प्रयोग करें ।
5. इस भाषा पुस्तिका का **संकेत** है **F**. यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य प्रश्न पुस्तिका पर छपे संकेत से मिलता है । अगर यह भिन्न हो तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग IV : भाषा I — (पंजाबी) *(प्र. 91 से प्र. 120)*
   भाग V : भाषा II — (पंजाबी) *(प्र. 121 से प्र. 150)*
7. भाग IV में भाषा I के लिए 30 प्रश्न और भाग V में भाषा II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा I और/या भाषा II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिएँ ।**
8. **परीक्षार्थी भाग V (भाषा II) के लिए, भाषा सूची से ऐसी भाषा चुनें जो उनके द्वारा भाषा I (भाग IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

Name of the Candidate (in Capitals) : ____________________
परीक्षार्थी का नाम (बड़े अक्षरों में ) :

Roll Number (अनुक्रमांक) : in figures (अंकों में) ____________________
: in words (शब्दों में) ____________________

Centre of Examination (in Capitals) : ____________________
परीक्षा केन्द्र (बड़े अक्षरों में ) :

Candidate's Signature : ____________________ Invigilator's Signature : ____________________
परीक्षार्थी के हस्ताक्षर : निरीक्षक के हस्ताक्षर :

Facsimile signature stamp of Centre Superintendent ____________________

SEAL

Downloaded From http://www.teachers-eligibility-test.com

Downloaded From http://www.teachers-eligibility-test.com

ਇਸ ਪੁਸਤਿਕਾ ਵਿੱਚ 20 ਪੰਨੇ ਹਨ । **JBC – 12A** ਪਰੀਖਿਆ ਪੁਸਤਿਕਾ ਸੰਕੇਤ

**ਪੇਪਰ I**

**ਭਾਗ IV & V**

**ਪੰਜਾਬੀ ਭਾਸ਼ਾ ਪੂਰਕ**

**F**

**ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ ਪੁਸਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ ਪੁਸਤਿਕਾ ਦਾ **ਸੰਕੇਤ** ਹੈ **F**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ ਪੁਸਤਿਕਾ ਦਾ ਸੰਕੇਤ, ਉੱਤਰ ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੇ ।
6. ਇਸ ਪਰੀਖਿਆ ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :

   ਭਾਗ IV : ਭਾਸ਼ਾ I — (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*

   ਭਾਗ V : ਭਾਸ਼ਾ II — (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ(ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾਂ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖ਼ਤ : ______________

Facsimile signature stamp of
Centre Superintendent ______________________

Downloaded From http://www.teachers-eligibility-test.com

Downloaded From http://www.teachers-eligibility-test.com


ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – I** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

→

Downloaded From http://www.teachers-eligibility-test.com

Downloaded From http://www.teachers-eligibility-test.com



## ਭਾਗ IV
## ਭਾਸ਼ਾ I
## ਪੰਜਾਬੀ

*ਨੋਟ : ਹੇਠ ਲਿਖੀ ਕਵਿਤਾ ਪੜ੍ਹੋ ਅਤੇ ਉਸ ਅੱਗੇ ਦਿੱਤੇ ਪ੍ਰਸ਼ਨ ਨੰ. 91 ਤੋਂ 96 ਦੇ ਉੱਤਰਾਂ ਵਿਚੋਂ ਸਭ ਤੋਂ ਢੁਕਵੇਂ ਉੱਤਰ ਚੁਣੋ ।*

ਜਿੱਥੇ ਦਿਨ ਤੇ ਰਾਤ, ਘੁਲ ਮਿਲ ਜਾਉਂਦੇ,
ਚਾਨਣ ਅਤੇ ਹਨੇਰੇ, ਪਾਉਣ ਜਫੀਆਂ ।
ਜਿਥੇ ਪਰਬਤ ਪੈਰ, ਚੁੰਮਦੀ ਨਦੀ,
ਮਿੱਠਾ ਮਿੱਠਾ ਰਾਗ, ਗਾਉਂਦੀ ਲੰਘਦੀ ।
ਜਿਥੇ ਕੋਈ ਮੁਟਿਆਰ, ਕੁੱਠੀ ਬਿਰਹੁੰ ਦੀ,
ਤਕ ਤਕ ਪਤੀ ਸਮਾਧ ਮੱਥੇ ਟੇਕਦੀ ।
ਨਦੀ ਕਿਨਾਰੇ ਉਸ, ਅਤਿ ਰਮਣੀਕ ਤੇ,
ਪ੍ਰੀਤਮ, ਸਾਡਾ ਮੇਲ ਇਕ ਦਿਨ ਹੋਵਸੀ ।
ਜਦ ਜੀਵਨ ਦੀ ਸ਼ਾਮ, ਬੂਹੇ ਜਰਜਰੇ ।
ਪਾਲਕਾਂ ਵਾਲੇ ਖੇਲੂ, ਤਕਸੀ ਝਲਕਦੇ,
ਆਸਾਂ ਦੇ ਅੰਬਾਰ ਵਾਂਗਰ ਤਾਰਿਆਂ,
ਜਿਨ੍ਹਾਂ ਦੇ ਆਧਾਰ, ਜੀਵਨ ਲੰਘਿਆ ।
ਅੰਤ ਸਮੇਂ ਦੀ ਰਾਤ, ਨੇੜੇ ਹੋ ਜਦੋਂ,
ਖੁਲ੍ਹੀਆਂ ਬਾਹਾਂ ਵਧਾਇ ਵਾਜਾਂ ਮਾਰਦੀ,
ਆਪਣੇ ਵਿਚ ਸਮਾਣ ਨੂੰ ਤੁਲ ਜਾਇਗੀ,
ਪ੍ਰੀਤਮ, ਸਾਡਾ ਮੇਲ ਉਦੋਂ ਹੋਵਸੀ ।

91. 'ਮਿੱਠਾ ਮਿੱਠਾ ਰਾਗ ਗਾਉਂਦੀ ਲੰਘਦੀ' ਕਾਵਿ ਸਤਰ ਵਿਚ ਕਿਹੜਾ ਅਲੰਕਾਰ ਵਰਤਿਆ ਗਿਆ ਹੈ ?
(1) ਅਸੰਭਵ ਅਲੰਕਾਰ
(2) ਅਭੇਦ ਰੂਪਕ ਅਲੰਕਾਰ
(3) ਉਲੱਾਸ ਅਲੰਕਾਰ
(4) ਅਨੁਪ੍ਰਾਸ ਅਲੰਕਾਰ

92. 'ਰਮਣੀਕ' ਸ਼ਬਦ ਤੋਂ ਭਾਵ ਹੈ –
(1) ਸੁੰਦਰ
(2) ਘੁੰਮਣ-ਫਿਰਨ ਦੀ ਥਾਂ
(3) ਅਨੁਗਮਨ ਕਰਨ ਵਾਲਾ
(4) ਅਸ਼ਾਂਤ

93. 'ਹੋਵਸੀ' ਸ਼ਬਦ ਕਿਸ ਉਪਭਾਸ਼ਾ ਨਾਲ ਸੰਬੰਧਿਤ ਹੈ ?
(1) ਮਲਵਈ
(2) ਪੋਠੋਹਾਰੀ
(3) ਪਹਾੜੀ
(4) ਦੁਆਬੀ

94. 'ਅੰਬਾਰ' ਦਾ ਸਮਾਨਾਰਥਕ ਸ਼ਬਦ ਹੈ
(1) ਖੁਸ਼ੀਆਂ
(2) ਅੰਬਰ
(3) ਢੇਰ
(4) ਤਾਰਿਆਂ ਦਾ ਸਮੂੰਹ

95. 'ਆਸਾਂ ਦੇ ਅੰਬਾਰ ਵਾਂਗਰ ਤਾਰਿਆਂ' ਕਾਵਿ ਸਤਰ ਵਿਚ 'ਆਸਾਂ' ਸ਼ਬਦ ________ ਵਜੋਂ ਵਰਤਿਆ ਗਿਆ ਹੈ ।
(1) ਸਮਾਨਧਰਮ
(2) ਪ੍ਰਤੀਕ
(3) ਉਪਮਾਨ
(4) ਉਪਮੇਅ

96. 'ਬਿਰਹੁੰ' ਦਾ ਸ਼ਾਬਦਿਕ ਅਰਥ ਹੈ
(1) ਬਿਮਾਰੀ ਦੀ ਹਾਲਤ
(2) ਵਿਛੋੜੇ ਦਾ ਦਰਦ
(3) ਮਿਲਾਪ ਦੀ ਅਵਸਥਾ
(4) ਸਤਾਇਆ ਹੋਇਆ

Downloaded From http://www.teachers-eligibility-test.com

Downloaded From http://www.teachers-eligibility-test.com



***ਨੋਟ :** ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 97 ਤੋਂ 105 ਤਕ ਦੇ ਉੱਤਰਾਂ ਵਿੱਚੋਂ **ਢੁਕਵੇਂ ਉੱਤਰ ਚੁਣੋ** ।*

ਲੋਕ-ਗੀਤ ਪਰੰਪਰਾਗਤ ਵਿਰਸੇ ਦੇ ਰੂਪ ਵਿਚ ਸੁਤੇ ਸਿਧ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੇ ਜਾਂਦੇ ਹਨ । ਇਸ ਲਈ ਇਹ ਜਾਣਨਾ ਸੌਖਾ ਨਹੀਂ ਕਿ ਅਮੁਕ ਗੀਤ ਕਿਸ ਨੇ ਕਦੋਂ ਰਚਿਆ । ਕਿਸੇ ਵੀ ਲੋਕ-ਗੀਤ ਦੇ ਕਰਤਾ ਤੇ ਸਮੇਂ ਬਾਰੇ ਨਿਸ਼ਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ । ਇਸ ਗੱਲ ਦਾ ਨਿਤਾਰਾ ਕਰਨਾ ਕਠਨ ਹੈ ਕਿ ਅਮੁਕ ਗੀਤ ਕਿਤਨਾ ਕੁ ਪੁਰਾਣਾ ਹੈ ।

ਲੋਕ-ਗੀਤ ਕਦੇ ਸਥਿਰ ਨਹੀਂ ਰਹਿੰਦੇ । ਹਰ ਗਾਇਕ ਕਿਸੇ ਗੀਤ ਵਿਚ ਸੁਤੇ ਸਿਧ ਹੀ ਕੁਝ ਵਧਾਅ ਘਟਾਅ ਕਰ ਲੈਂਦਾ ਹੈ । ਕਈ ਵਾਰ ਪੁਰਾਣੇ ਗੀਤਾਂ ਨੂੰ ਨਵੇਂ ਵ੍ਹਾਤਾਵਰਣ ਤੇ ਬਦਲੀਆਂ ਪਰਸਥਿਤੀਆਂ ਅਨੁਕੂਲ ਨਵੇਂ ਰੂਪ ਵਿਚ ਢਾਲ ਲਿਆ ਜਾਂਦਾ ਹੈ । ਪੁਰਾਣੇ ਖੜਖੜ ਕਰਦੇ ਪੱਤੇ ਲੋਕ-ਬ੍ਰਿਛ ਨਾਲੋਂ ਆਪੇ ਢਹਿ ਪੈਂਦੇ ਹਨ ਜਾਂ ਲੋਕ-ਸੂਝ ਉਨ੍ਹਾਂ ਨੂੰ ਛਾਂਗ ਸੁਟਦੀ ਹੈ ਅਤੇ ਉਨ੍ਹਾਂ ਦੀ ਥਾਂ ਨਵੀਆਂ ਕਰੂੰਬਲਾਂ ਸੁਤੇ ਸਿਧ ਨਿਕਲ ਆਉਂਦੀਆਂ ਹਨ । ਸਿੱਟਾ ਇਹ ਨਿਕਲਦਾ ਹੈ ਕਿ ਪੁਰਾਣੇ ਲੋਕ-ਗੀਤਾਂ ਦਾ ਮੂੰਹ ਮੱਥਾ ਹੀ ਬਦਲ ਜਾਂਦਾ ਹੈ । ਹੁਣ ਇਸ ਨੂੰ ਕੋਈ ਨਵਾਂ ਗੀਤ ਆਖੇ ਕਿ ਪੁਰਾਣਾ । ਇਸੇ ਤਰ੍ਹਾਂ ਜਦੋਂ ਕੋਈ ਗਾਇਕ ਨਵੇਂ ਲੋਕ-ਗੀਤਾਂ ਦੀ ਸਿਰਜਨਾ ਕਰਦਾ ਹੈ ਤਾਂ ਉਹ ਨਾ ਕੇਵਲ ਪਰੰਪਰਾਗਤ ਰੂੜ੍ਹੀਆਂ ਦੀ ਹੀ ਵਰਤੋਂ ਕਰਤਾ ਹੈ, ਸਗੋਂ ਲੋਕ ਸ਼ਬਦਾਵਲੀ, ਰੂਪਕਾਂ, ਛੰਦਾਂ, ਬਹਿਰਾਂ ਤੇ ਸ਼ੈਲੀ ਦੁਆਰਾ ਨਵੀਂ ਰਚਨਾ ਨੂੰ ਵੀ ਅਜਿਹੇ ਰੂਪ ਵਿਚ ਢਾਲਦਾ ਹੈ ਕਿ ਨਵੇਂ ਗੀਤ ਦੀ ਨੁਹਾਰ ਵੀ ਜਾਣੀ ਪਛਾਣੀ ਲਗਦੀ ਹੈ । ਜਿਵੇਂ ਕਿਸੇ ਪੁਰਾਣੀ ਚਾਂਦੀ ਨੂੰ ਢਾਲ ਕੇ ਕਿਸੇ ਪੁਰਾਣੇ ਸਾਂਚੇ ਵਿਚ ਹੀ ਮੁੜ ਕੋਈ ਗਹਿਣਾ ਘੜ ਲਿਆ ਹੋਵੇ । ਨਵਾਂ ਹੁੰਦਿਆਂ ਵੀ ਇਹ ਗਹਿਣਾ ਪੁਰਾਣਾ ਹੈ ਤੇ ਪੁਰਾਣਾ ਹੁੰਦਿਆਂ ਵੀ ਨਵਾਂ । ਸੋ ਲੋਕ-ਗੀਤ ਨਾ ਨਵੇਂ ਹੁੰਦੇ ਹਨ ਤੇ ਨਾ ਹੀ ਪੁਰਾਣੇ । ਇਹ ਤਾਂ ਇਸ ਲੋਕ-ਬ੍ਰਿਛ ਦੇ ਫਲ ਹਨ ਜਿਸ ਦੀਆਂ ਜੜ੍ਹਾਂ ਪਰੰਪਰਾ ਵਿਚ ਬੜੀਆਂ ਡੂੰਘੀਆਂ ਧਸੀਆਂ ਹੋਈਆਂ ਹਨ, ਪਰ ਜਿਸ ਨੂੰ ਨਿਤ ਨਵੀਆਂ ਕਰੂੰਬਲਾਂ ਤੇ ਨਵੇਂ ਫਲ ਵੀ ਸੁਤੇ ਸਿਧ ਲਗਦੇ ਰਹਿੰਦੇ ਹਨ ।

**97.** ਲੋਕ-ਗੀਤਾਂ ਬਾਰੇ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਸਹੀ ਨਹੀਂ ?

(1) ਲੋਕ-ਗੀਤਾਂ ਦੇ ਕਰਤਾ ਬਾਰੇ ਨਿਸਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ

(2) ਲੋਕ-ਗੀਤਾਂ ਦੇ ਸਿਰਜਣਕਾਲ ਬਾਰੇ ਸਪਸ਼ਟ ਨਹੀਂ ਹੁੰਦਾ

(3) ਲੋਕ-ਗੀਤ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੇ ਹਨ

(4) ਲੋਕ-ਗੀਤਾਂ ਦੀ ਟੈਕਸਟ ਸਥਿਰ ਅਤੇ ਨਿਸਚਿਤ ਹੁੰਦੀ ਹੈ

**98.** ਲੋਕ-ਗੀਤਾਂ ਵਿਚ ਨਵਾਂ-ਨਰੋਆਪਨ ਕਿਵੇਂ ਪੈਦਾ ਹੁੰਦਾ ਹੈ ?

(1) ਨਵੀਆਂ ਸਥਿਤੀਆਂ ਦੇ ਸਮਾਨਾਂਤਰ ਲੋਕ-ਮਨ ਇਨ੍ਹਾਂ ਵਿਚ ਬਦਲਾਵ ਪੈਦਾ ਕਰਦਾ ਹੈ

(2) ਲੋਕ ਸੁਚੇਤ ਹੋਕੇ ਇਨ੍ਹਾਂ ਨੂੰ ਇਕੱਠੇ ਹੋਕੇ ਗਾਉਂਦੇ ਹਨ

(3) ਨਵੀਆਂ ਧੁਨਾਂ ਪੈਦਾ ਕਰਕੇ ਇਨ੍ਹਾਂ ਦੀ ਮੁੜ ਰਿਕਾਰਡਿੰਗ ਹੁੰਦੀ ਹੈ

(4) ਕੋਈ ਵਿਅਕਤੀ ਇਨ੍ਹਾਂ ਨੂੰ ਦੁਬਾਰਾ ਲਿਖ-ਗਾ ਲੈਂਦਾ ਹੈ

Downloaded From http://www.teachers-eligibility-test.com

Downloaded From http://www.teachers-eligibility-test.com



*ਹੇਠ ਲਿਖੀ ਸਤਰ ਦੇ ਆਧਾਰ 'ਤੇ ਪ੍ਰਸ਼ਨ ਸੰਖਿਆ 99 – 102 ਦੇ ਉੱਤਰ ਦਿਉ ।*

ਪੁਰਾਣੇ ਖੜਖੜ ਕਰਕੇ ਪੱਤੇ ਲੋਕ ਬਿਰਛ ਨਾਲੋਂ ਆਪੇ ਢਹਿ ਪੈਂਦੇ ਹਨ ਜਾਂ ਲੋਕ ਸੂਝ ਉਨ੍ਹਾਂ ਨੂੰ ਛਾਂਗ ਸੁੱਟਦੀ ਹੈ ਅਤੇ ਉਨ੍ਹਾਂ ਦੀ ਥਾਂ ਨਵੀਆਂ ਕਰੂੰਬਲਾਂ ਸਤੇ ਸਿੱਧ ਨਿਕਲ ਆਉਂਦੀਆਂ ਹਨ ।

**99.** ਉਪਰੋਕਤ ਵਾਕ ਵਿਚ ਸ਼ਬਦ 'ਪੁਰਾਣੇ' ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਕਿਰਿਆ

(2) ਵਿਸ਼ੇਸਣ

(3) ਨਾਂਵ

(4) ਪੜਨਾਂਵ

**100.** ਉਪਰੋਕਤ ਵਾਕ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਯੋਜਕਾਂ ਦੇ ਤੌਰ 'ਤੇ ਵਰਤਿਆ ਗਿਆ ਹੈ ?

(1) ਦੀ

(2) ਨਾਲੋਂ

(3) ਅਤੇ

(4) ਨੂੰ

**101.** 'ਕਰੂੰਬਲਾਂ' ਸ਼ਬਦ ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਨਾਂਵ

(2) ਪੜਨਾਂਵ

(3) ਕਿਰਿਆ ਵਿਸ਼ੇਸਣ

(4) ਵਿਸ਼ੇਸਣ

**102.** 'ਢਹਿ ਪੈਂਦੇ ਹਨ' ਵਾਕੰਸ਼

(1) ਕਿਰਿਆ ਵਾਕੰਸ਼ ਹੈ

(2) ਨਾਂਵ ਵਾਕੰਸ਼ ਹੈ

(3) ਕਰਮ ਵਾਕੰਸ਼ ਹੈ

(4) ਇਨ੍ਹਾਂ ਵਿਚੋਂ ਕੋਈ ਨਹੀਂ

**103.** ਛੰਦ ਤੋਂ ਭਾਵ ਹੈ

(1) ਜੰਤਰ

(2) ਬਿੰਬ

(3) ਗਹਿਣਾ

(4) ਕਾਵਿ ਰੂਪ

**104.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਮੀ ਸ਼ਬਦ ਹੈ ?

(1) ਲੋਕ ਬ੍ਰਿਛ

(2) ਪਰੰਪਰਾਗਤ ਰੂੜ੍ਹੀਆਂ

(3) ਲੋਕ-ਗੀਤ

(4) ਮੂੰਹ ਮੱਥਾ

**105.** 'ਰੂੜ੍ਹੀਆਂ' ਸ਼ਬਦ ਦਾ ਅਰਥ ਹੈ

(1) ਰੇਤਾ-ਬੱਜਰੀ ਆਦਿ

(2) ਰੁੜ੍ਹ ਜਾਣਾ

(3) ਢੇਰ

(4) ਮਾਨਤਾਵਾਂ

Downloaded From http://www.teachers-eligibility-test.com

Downloaded From http://www.teachers-eligibility-test.com



***ਨੋਟ :*** *ਹੇਠਲੇ ਪ੍ਰਸ਼ਨ ਨੰ. 106 ਤੋਂ 120 ਵਿਚੋਂ ਹਰ ਪ੍ਰਸ਼ਨ ਦਾ ਸਭ ਤੋਂ ਸਹੀ ਉੱਤਰ ਚੁਣੋ ।*

**106.** ਭਾਸ਼ਾ ਦੀ ਸਿਖਲਾਈ ਦੌਰਾਨ ਇਕ 'ਨਾਜ਼ੁਕ ਸਮਾਂ' ਹੁੰਦਾ ਹੈ

(1) ਕਿਸੇ ਭਾਸ਼ਾ ਦੇ ਪ੍ਰੋਜੈਕਟ ਲਈ ਬੇਹਤਰ ਤਿਆਰੀ ਵਾਲਾ ਸਮਾਂ

(2) ਭਾਸ਼ਾ ਦੀ ਗੰਭੀਰਤਾ ਨਾਲ ਵਰਤੋਂ ਲਈ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਵਿਸ਼ੇਸ਼ ਸਮਾਂ

(3) ਉਹ ਸਮਾਂ ਜਦੋਂ ਕਿਸੇ ਹੋਰ ਸਮੇਂ ਦੇ ਮੁਕਾਬਲੇ ਭਾਸ਼ਾ ਵਧੇਰੇ ਸੌਖ ਨਾਲ ਗ੍ਰਹਿਣ ਕੀਤੀ ਜਾ ਸਕਦੀ ਹੈ

(4) ਜਮਾਤ ਵਿਚ ਇਕ ਵਿਆਪਕ ਆਂਕਲਣ ਕਰਦਿਆਂ ਲੱਗਣ ਵਾਲਾ ਸਮਾਂ

**107.** ਇਕ ਸਾਰ ਲਿਖਣ ਵਾਸਤੇ ਕਿਹੜੀਆਂ ਦੋ ਮੁਹਾਰਤਾਂ ਦੀ ਲੋੜ ਹੈ ?

(1) ਵੱਡੇ ਤੇ ਛੋਟੇ ਨੁਕਤਿਆਂ ਦੀ ਪਛਾਣ ਕਰਨੀ, ਵਿਚਾਰਾਂ ਦੇ ਕ੍ਰਮ ਨੂੰ ਮਾਣਤਾ ਦੇਣੀ

(2) ਭਾਸ਼ਾ ਵਿਚ ਸਰਲਤਾ ਅਤੇ ਸਵੱਛਤਾ ਦੀ ਵਰਤੋਂ

(3) ਸ਼ਬਦਾਂ ਦੀ ਥਾਂ ਸੰਕੇਤਾਂ ਦੀ ਵਰਤੋਂ, ਦਰੁਸਤ ਲਿਖਣਾ

(4) ਤੁਹਾਡੇ ਆਪਣੇ ਸ਼ਬਦਾਂ ਵਿਚ ਟੈਕਸਟ ਨੂੰ ਦੁਬਾਰਾ ਲਿਖਣਾ, ਸਮਾਨਾਰਥਕ ਸ਼ਬਦਾਂ ਦੀ ਵਰਤੋਂ

**108.** ਜਦੋਂ ਵਿਦਿਆਰਥੀ ਵਾਕ ਦੀਆਂ ਕਿਸਮਾਂ 'ਚ ਅੰਤਰ ਕਰਨ ਵਿਚ ਔਖ ਮਹਿਸੂਸ ਕਰੇ ਤਾਂ ਦੁਬਾਰਾ ਦਖ਼ਲ ਦੇਣ ਦਾ ਮਤਲਬ ਹੈ

(1) ਕਲਾਸਰੂਮ ਤੋਂ ਬਾਹਰੋਂ ਹੀ ਬਣਤਰਾਂ ਸਿੱਖੀਆਂ ਜਾਣ

(2) ਅਸਲੀ ਜ਼ਿੰਦਗੀ ਦੀਆਂ ਸਥਿਤੀਆਂ ਦੀਆਂ ਕਿਸਮਾਂ ਦੇ ਆਧਾਰ 'ਤੇ ਸਿੱਖਿਆਰਥੀ ਅਭਿਆਸ ਦੇ ਸਹਿਯੋਗ ਨਾਲ ਬਣਤਰਾਂ ਦਾ ਅਭਿਆਸ ਕਰਨ

(3) ਕੁੱਝ ਵਾਕਾਂ ਦੀਆਂ ਕਿਸਮਾਂ ਦੇ ਅਭਿਆਸ ਲਈ ਖੁੱਲੇ ਮੌਕੇ ਦੇਣਾ

(4) ਵਿਦਿਆਰਥੀ ਆਪਣੇ ਆਪ ਵਾਕ ਬਣਾਉਣ ਅਤੇ ਅਧਿਆਪਕ ਇਸ ਕਾਰਜ ਦੌਰਾਨ ਸੋਧਾਂ ਦੇਣ

**109.** CCE ਦੇ ਲਾਗੂ ਹੋ ਜਾਣ ਨਾਲ

(1) ਅਕਾਦਮਿਕਤਾ ਉਪਰ ਵਾਧੂ ਬੋਝ ਪਾਇਆ ਜਾ ਸਕਦਾ ਹੈ

(2) ਅਧਿਆਪਕ ਵਿਦਿਆਰਥੀਆਂ ਉਪਰ ਵਧੇਰੇ ਕਾਬੂ ਪਾ ਸਕਦੇ ਹਨ

(3) ਵਿਦਿਆਰਥੀਆਂ ਦਾ ਮੁਲਾਂਕਣ ਰੋਜ਼ਾਨਾਂ ਹੁੰਦਾ ਹੈ

(4) ਵਿਦਿਆਰਥੀ ਵਿਭਿੰਨ ਗਤੀਵਿਧੀਆਂ ਦਾ ਆਨੰਦ ਮਾਣ ਸਕਦੇ ਹਨ

**110.** "ਸਿਰਜਣਾਤਮਕ ਪੜ੍ਹਤ" ਦਾ ਉਦਾਹਰਣ ਹੈ

(1) ਇਕ ਵੱਖਰੇ ਨਜ਼ਰੀਏ ਤੋਂ ਨਾਟਕੀਕਰਨ, ਰੋਲ ਪਲੇਅ ਅਤੇ ਮੁੜ ਤੋਂ ਲਿਖਣਾ

(2) ਅਰਥ ਲਈ ਪੜ੍ਹਨਾ

(3) ਵਿਸ਼ੇ ਬਾਰੇ ਵਧੇਰੇ ਜਾਣਕਾਰੀ ਲਈ ਲਾਇਬਰੇਰੀ ਵਿਚ ਕੀਤਾ ਗਿਆ ਹਵਾਲਾ ਕਾਰਜ (Reference work)

(4) ਸੰਬੰਧਤ ਜਾਣਕਾਰੀ ਲਈ ਇੰਟਰਨੈੱਟ ਤੇ ਪੜਤਾਲ ਕਰਨੀ

Downloaded From http://www.teachers-eligibility-test.com

Downloaded From http://www.teachers-eligibility-test.com



111. ਪੜਚੋਲ (Skimming) ਕੀ ਹੈ ?

(1) ਸੰਬੰਧਤ ਸੂਚਨਾ ਨੂੰ ਪਤ੍ਰਤ ਤੋਂ ਲਿਖਿਤ ਵਿਚ ਬਦਲਣਾ

(2) ਵਿਚਾਰਾਂ, ਅਰਥਾਂ ਜਾਂ ਸੂਚਨਾ ਦੀ ਸੰਸ਼ਥਾ ਦੀ ਪਤ੍ਰਤ ਸਮੇਂ ਨਿਰਣਾ ਬਨਾਉਣਾ

(3) ਆਮ ਵਿਸ਼ੇ, ਵਿਚਾਰਾਂ ਜਾਂ ਨਿਚੋੜ ਦੀ ਤਲਾਸ਼ ਲਈ ਇਕ ਟੈਕਸਟ ਉੱਤੇ ਤੇਜ਼ੀ ਨਾਲ ਝਾਤ ਪਾਉਣੀ

(4) ਸੂਚਨਾ ਦੀਆਂ ਵਿਸ਼ੇਸ਼ ਵਸਤਾਂ ਦਾ ਪਤਾ ਲਾਉਣ ਵਾਸਤੇ ਅਸੰਬੰਧਤ ਵੇਰਵਿਆਂ ਤੋਂ ਬਿਨਾਂ ਇਕ ਟੈਕਸਟ ਦੀ ਪੜਚੋਲ ਕਰਨੀ

112. 'ਪਾਠਗਤ ਮੇਲ' (Textual cohesion) ਦਾ ਅਰਥ ਹੈ

(1) ਕਿਸੇ ਲੰਮੀ ਤੇ ਨਿਰੰਤਰ ਟੈਕਸਟ ਵਿਚ ਬੇਤਰਤੀਬ ਸੂਚਨਾ ਦਾ ਇਕ ਸੈੱਟ ਲਿਖਣਾ

(2) ਪੈਰ੍ਹਿਆਂ ਅਤੇ ਵਾਕਾਂ ਦਰਮਿਆਨ ਸੰਬੰਧ ਸਥਾਪਤ ਕਰਨ ਵਾਸਤੇ ਪੜਨਾਵਾਂ, ਯੋਜਕਾਂ ਜਾਂ ਸਮਾਨਾਰਥਕ ਸ਼ਬਦਾਂ ਦੀ ਵਰਤੋਂ

(3) ਪੈਰ੍ਹਿਆਂ ਨੂੰ ਇਸ ਢੰਗ ਨਾਲ ਸੰਗਠਿਤ ਕਰਨਾ ਜਿਸ ਨਾਲ ਇਕ ਕਹਾਣੀ ਦਾ ਬ੍ਰਿਤਾਂਤ ਮੇਲ ਖਾਏ

(4) ਕਿਸੇ ਪੈਰੇ 'ਚ ਤਾਰਕਸੰਗਤ ਢੰਗ ਨਾਲ ਆਂਕੜਾ ਪੇਸ਼ ਕਰਨ ਦਾ ਇਕ ਤਰੀਕਾ

113. ਪ੍ਰਮਾਣਿਕ ਸੁਣਨ-ਯੋਗਤਾ ਹੈ

(1) ਉਚਾਰਣ ਜਾਂ ਰਿਕਾਰਡ ਰੂਪ ਵਿਚ ਸੁਭਾਵਕ ਵਾਰਤਾਲਾਪ ਸੁਣਨੀ

(2) ਅਧਿਆਪਕ ਵਲੋਂ ਬੋਲ ਕੇ ਪੜ੍ਹੀ ਗਈ ਅੱਧ ਪਚੱਧੀ ਲਿਖੀ ਹੋਈ ਤੇ ਆਪ ਮੁਹਾਰੀ ਸਪੀਚ ਸੁਣਨੀ

(3) ਕਿਸੇ ਕੰਮ ਲਈ ਵਿਸ਼ੇਸ਼ ਸੂਚਨਾ ਦੀ ਲੋੜ ਵਾਸਤੇ ਧਿਆਨ ਨਾਲ ਸੁਣਨਾ

(4) ਕਿਸੇ ਸਰੋਤੇ ਦੇ ਇਕ ਕਾਰਜ ਨੂੰ ਪੂਰਾ ਕਰਨ ਸਮੇਂ ਇਕ ਸਰੋਤਾ ਸੈਸ਼ਨ ਕਰਾਉਣਾ

114. ਕਿੰਨਾਂ ਪੱਖਾਂ ਕਰਕੇ ਲਿਖਿਤ ਬੋਲਣ ਨਾਲੋਂ ਭਿੰਨ ਹੈ ? ਕਿਉਂਕਿ ਪਹਿਲੀ

(1) ਵਿਆਕਰਣਕ ਢਾਂਚਿਆਂ ਨੂੰ ਚੰਗੀ ਤਰ੍ਹਾਂ ਨਹੀਂ ਅਪਣਾਉਂਦੀ

(2) ਆਮ ਤੌਰ 'ਤੇ ਖੁੱਲ੍ਹੇ ਅੰਤ ਵਾਲੀ ਹੁੰਦੀ ਹੈ

(3) ਵਿਚ ਕੁੱਝ ਫ਼ਾਲਤੂ ਜਾਂ ਦੁਹਰਾਉ ਨਹੀਂ ਹੁੰਦਾ

(4) ਵਿਚ ਵਹਾਉ ਆਧਾਰਿਤ ਸਰਗਰਮੀਆਂ ਵੱਧ ਹੁੰਦੀਆਂ ਹਨ

115. ਅੰਗ੍ਰੇਜ਼ੀ ਭਾਸ਼ਾ ਦੀ ਜਮਾਤ 'ਚ 'ਸਪੀਚ ਦੀ ਅਦਲਾ ਬਦਲੀ' ਤੋਂ ਭਾਵ ਹੈ

(1) ਕਿਸੇ ਦੇ ਬੋਲੇ ਜਾਂ ਲਿਖਿਤ ਸੰਚਾਰ ਦੇ ਨਤੀਜੇ ਬਾਰੇ ਦਿੱਤੀ ਗਈ ਸੂਚਨਾ

(2) ਇਕ ਸਵੈ-ਬਚਨ ਜਾਂ ਰਸਮੀ ਭਾਸ਼ਣ ਦੇ ਵਿਰੋਧ 'ਚ ਇਕ ਵਾਰਤਾਲਾਪ

(3) ਆਪਣੇ ਆਪ 'ਤੇ ਭਰੋਸੇ ਨਾਲ ਬਿਨਾਂ ਰੁਕਾਵਟ ਭਾਸ਼ਾ ਦੀ ਵਰਤੋਂ

(4) ਸਰੋਤੇ ਦੇ ਹੁੰਗਾਰਿਆਂ ਅਨੁਸਾਰ ਭਾਸ਼ਣ ਨੂੰ ਠੀਕ ਕਰਨ ਦੀ ਲੋੜ

Downloaded From http://www.teachers-eligibility-test.com

Downloaded From http://www.teachers-eligibility-test.com



116. ਇਕ ਸਿਖਿਆਰਥੀ ਦੇ ਭਾਸ਼ਣ ਦੀ ਮੁਹਾਰਤ ਵਧਾਉਣ ਲਈ 'ਧੁਨੀ ਕ੍ਰਮ' ਵਰਤੀ ਜਾ ਸਕਦੀ ਹੈ

(1) ਉਨ੍ਹਾਂ ਦੁਆਲੇ ਬੋਲਣਯੋਗ ਕਾਰਵਾਈਆਂ ਸਥਾਪਤ ਕਰਨ ਲਈ ਕਾਰਟੂਨਾਂ ਅਤੇ ਦ੍ਰਿਸ਼ ਰੂਪਾਂ ਦੀ ਵਰਤੋਂ ਕਰਕੇ

(2) ਵਿਦਿਆਰਥੀਆਂ ਨੂੰ ਸਪਸ਼ਟ ਤੱਥਾਂ/ਵਾਕੰਸ਼ਾਂ ਦੇ ਅਸਾਸਿਆਂ ਦੇ ਆਧਾਰ 'ਤੇ ਇਕ ਕਹਾਣੀ ਬਾਰੇ ਆਪਣਾ ਵਿਚਾਰ ਦੇਣ ਲਈ ਕਹਿ ਕੇ

(3) ਰਿਕਾਰਡ ਕੀਤੀਆਂ ਧੁਨੀਆਂ ਦੀ ਇਕ ਲੜੀ ਸੁਣਨ ਮਗਰੋਂ ਵਿਦਿਆਰਥੀ ਨੂੰ ਇਕ ਕਹਾਣੀ ਦੇ ਰੂਪ 'ਚ ਸਮਝਾਉਣ ਅਤੇ ਵਿਆਖਿਆ ਕਰਨ ਲਈ ਕਹਿ ਕੇ

(4) ਇਕ ਬੋਲਣ ਯੋਗ ਕਾਰਜ ਨਾਲ ਇਸ ਨੂੰ ਸੰਗਠਿਤ ਕਰਕੇ ਮਕਸਦ ਭਰਪੂਰ ਨਿਰਦੇਸ਼ ਦੇ ਕੇ

117. ਸਵੈ-ਬਚਨੀਆਂ ਰਾਹੀਂ ਆਂਕਲਿਤ ਤਿੰਨ ਉਪਮੁਹਾਰਤਾਂ ਹਨ

(1) ਆਵਾਜ਼ ਦੀ ਕਿਸਮ, ਸ਼ੈਲੀ, ਬੁਲਾਰੇ ਦੀ ਦਿੱਖ

(2) ਬੁਲਾਰੇ ਦਾ ਨਤੀਜਾ, ਸੁਰ ਤੇ ਸੰਦਰਭ

(3) ਇਸ਼ਾਰੇ, ਬੁਲਾਰੇ ਦਾ ਨਤੀਜਾ ਤੇ ਬੁਲਾਰੇ ਦੀ ਦਿੱਖ

(4) ਸੁਰ, ਆਵਾਜ਼ ਦੀ ਕਿਸਮ ਤੇ ਗਤੀ

118. ਇਕ ਕਮਜ਼ੋਰ ਵਾਤਾਵਰਣ ਹੋਣ ਦਾ ਮਤਲਬ ਹੈ

(1) ਅੰਗਰੇਜ਼ੀ ਘਰ ਵਿਚ ਬਿਲਕੁੱਲ ਹੀ ਨਹੀਂ ਬੋਲੀ ਜਾਂਦੀ

(2) ਤੁਹਾਡੇ ਵਿਦਿਆਰਥੀਆਂ ਨੂੰ ਕੋਈ ਵੀ ਪਹੁੰਚ ਉਪਲਬਧ ਨਾ ਹੋਈ

(3) ਹਿੰਦੀ/ਮਾਤਭਾਸ਼ਾ ਦੇਸੀ ਭਾਸ਼ਾ ਹੈ

(4) ਜਮਾਤ 'ਚ ਅੰਗਰੇਜ਼ੀ ਭਾਸ਼ਾ ਦੀ ਪਹੁੰਚ ਉਪਰ ਰੋਕ

119. ਕਿਹੜਾ ਜੁੱਟ ਗਿਆਨ-ਮੂਲਕ ਸ਼ੈਲੀ ਦੀਆਂ ਕਿਸਮਾਂ ਨਾਲ ਸੰਬੰਧਤ ਹੈ ?

(1) ਸਕਰਮਕ/ਅਕਰਮਕ

(2) ਖੇਤਰ ਆਧਾਰਿਤ/ਖੇਤਰ ਮੁਕਤ

(3) ਮੁਕਾਬਲੇਵਾਲਾ/ਸਹਿਯੋਗੀ

(4) ਵਿਆਖਿਆਤਮਕ/ਅੱਖਰੀ

120. ਪੜਤਾਲ ਆਧਾਰਿਤ ਸਿੱਖਿਆ ਦਾ ਅਰਥ ਹੈ

(1) ਇਕ ਨਿਰਦੇਸ਼ਾਤਮਕ ਨੀਤੀ ਜਿਸ ਵਿਚ ਵਿਦਿਆਰਥੀ ਰਲਕੇ ਸਮੱਸਿਆਵਾਂ ਹੱਲ ਕਰਕੇ ਅਤੇ ਤਜ਼ਰਬਿਆਂ ਨੂੰ ਪ੍ਰਗਟਾਉਂਦੇ ਹਨ

(2) ਭਾਸ਼ਾ ਸਿੱਖਣ ਵਾਸਤੇ ਇਕ ਪਹੁੰਚ ਦਾ ਸਿਧਾਂਤ

(3) ਇਕ ਸੁਯੋਗ ਪੇਸ਼ਕਾਰੀ, ਮੁਹਾਰਤਾਂ ਦਾ ਅਭਿਆਸ ਅਤੇ ਵਿਸ਼ੇ ਦੀ ਸਿਖਲਾਈ

(4) ਇਕ ਅਰਥ-ਵਿਗਿਆਨ ਦਾ ਸਿਲੇਬਸ ਜਿਵੇਂ ਕਿ ਵਿਚਾਰਾਤਮਕ-ਪ੍ਰਕਾਰਨੀ ਸਿਲੇਬਸ

Downloaded From http://www.teachers-eligibility-test.com

Downloaded From http://www.teachers-eligibility-test.com



ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਗ – II** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

→

Downloaded From http://www.teachers-eligibility-test.com

Downloaded From http://www.teachers-eligibility-test.com



# ਭਾਗ V

## ਭਾਸ਼ਾ II

## ਪੰਜਾਬੀ

***ਨੋਟ :*** *ਹੇਠਲੇ ਪ੍ਰਸ਼ਨ ਨੰ. 121 ਤੋਂ 135 ਵਿਚੋਂ ਹਰ ਪ੍ਰਸ਼ਨ ਦਾ ਸਭ ਤੋਂ ਸਹੀ ਉੱਤਰ ਚੁਣੋ ।*

**121.** ਭਾਸ਼ਾ ਦੀ ਪ੍ਰਾਪਤੀ

(1) ਦਾ ਮਤਲਬ ਹੈ ਮਨੁੱਖੀ ਦਿਮਾਗ ਦੀ ਸੁਭਾਵਕ ਸਮਰੱਥਾ ਕਾਰਨ ਇਕ ਦੇਸੀ ਜਾਂ ਦੂਜੀ ਭਾਸ਼ਾ ਦੀ ਸਿਖਲਾਈ ਦਾ ਅਮਲ

(2) ਇਕ ਅਜਿਹਾ ਮਹੌਲ ਪੈਦਾ ਕਰਨ ਵਾਲੀ ਤਕਨੀਕ ਹੈ ਜਿਸ ਰਾਹੀਂ ਬੱਚੇ ਆਪਣੀ ਦੇਸੀ ਭਾਸ਼ਾ ਸਿਖਣ

(3) ਵਿਚ ਯਾਦਾਸ਼ਤ ਅਤੇ ਲੋੜੀਂਦੀ ਸ਼ਬਦਾਵਲੀ ਦੀ ਵਰਤੋਂ ਸ਼ਾਮਲ ਹੁੰਦੀ ਹੈ

(4) ਵਿਚ ਵਿਸ਼ਲੇਸ਼ਣ ਦੀ ਢਾਂਚਾਗਤ ਪਹੁੰਚ ਅਤੇ ਵਿਆਕਰਣ ਦੀ ਸਮਝ ਦੇ ਨਾਲ-ਨਾਲ ਸ਼ਬਦਾਵਲੀ ਦੀ ਯਾਦਾਸ਼ਤ ਸ਼ਾਮਲ ਹੁੰਦੀ ਹੈ

**122.** ਨੌਮ ਚੌਮਸਕੀ ਦੀ "ਡੂੰਘ ਸੰਰਚਨਾ" ਦਾ ਅਰਥ ਹੈ

(1) ਇਕ ਰੁਝਾਣ ਕਿ ਅੰਗਰੇਜ਼ੀ ਦੁਨੀਆਂ ਵਿਚ ਸਭ ਤੋਂ ਵੱਧ ਆਮ ਸਹਾਇਕ ਭਾਸ਼ਾ ਹੈ

(2) ਵਿਸ਼ਵ ਪੱਧਰ ਦੀ ਵਿਆਕਰਨ ਜ਼ੋਰ ਦਿੰਦੀ ਹੈ ਕਿ ਸਾਰੀਆਂ ਭਾਸ਼ਾਵਾਂ ਤੇ ਪੱਤਰਾਚਾਰ ਮਨੁੱਖੀ ਦਿਮਾਗ ਦੀਆਂ ਸੁਭਾਵਕ ਸਮਰੱਥਾਵਾਂ ਹਨ

(3) ਗੰਭੀਰ ਅਧਿਐਨ ਰਾਹੀਂ ਸਿੱਖੇ ਗਏ ਵਿਆਕਰਣਕ ਨੇਮਾਂ ਦਾ ਇਕ ਗੁਪਤ ਸੈੱਟ

(4) ਰੂਪਾਂਤਰੀ ਵਿਆਕਰਨ ਜਿਸ ਨੇ ਤੁਲਣਾਤਮਕ ਭਾਸ਼ਾ ਵਿਗਿਆਨ ਵਿਚ ਵਧੀ ਦਿਲਚਸਪੀ ਨੂੰ ਬਦਲਣ ਦੀ ਅਗਵਾਈ ਕਰਨੀ ਹੈ

**123.** ਪਾਠਕ੍ਰਮ ਦਾ 'Bottom up Model' ਉਹ ਹੈ ਜਿੱਥੇ

(1) ਸਿਖਲਾਈ ਅਮਲ ਭਵਿਖ ਦੇ ਰੁਜ਼ਗਾਰ ਵੱਲ ਲਿਜਾਂਦਾ ਹੈ

(2) ਵਿਦਿਆਰਥੀਆਂ ਉਪਰ ਅਸਿੱਧੇ ਪ੍ਰਭਾਵ ਨਾਲ ਪੱਤਰਾਚਾਰ ਸਿੱਖਿਆ ਅਧਾਰਤ ਇਕ ਲੋੜ

(3) ਸਿਖਲਾਈ ਸਾਫਟਵੇਅਰ ਦੇ ਇਕ ਅਜਿਹੇ ਸੈੱਟ ਉਪਰ ਨਿਰਭਰ ਹੈ ਜੋ ਪਾਠਕ੍ਰਮ ਨੂੰ ਸਿਖਿਆਰਥੀ ਲਈ ਸੁਖਾਵਾਂ ਬਣਾਉਂਦਾ ਹੈ

(4) ਅਜਿਹਾ ਪਾਠਕ੍ਰਮ ਜੋ ਵਿਦਿਆਰਥੀ ਨੂੰ ਸਿਲੇਬਸ ਦੀ ਗਤੀਵਿਧੀ ਦੀ ਚੋਣ ਨੂੰ ਵਧਾਉਣ ਲਈ ਸਰਗਰਮੀ ਕਰਨ ਦੀ ਖੁੱਲ੍ਹ ਦਿੰਦਾ ਹੈ ਅਤੇ ਕੰਮ ਦੌਰਾਨ ਸਿੱਖਣ ਲਈ ਉਤਸ਼ਾਹਤ ਕਰਦਾ ਹੈ

**124.** ਮਾਨਵੀ ਪਹੁੰਚ ਵਿਸ਼ੇਸ਼ ਤੌਰ 'ਤੇ ਸੁਰਬੱਧ ਹੈ

(1) ਅਜਿਹਾ ਅਮਲ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸੰਰਚਨਾਵਾਂ ਨੂੰ ਖੋਜਣ ਦੇ ਯੋਗ ਬਣਾਏ

(2) ਅਜਿਹਾ ਅਮਲ ਜਿੱਥੇ ਕ੍ਰਮ ਦੀ ਸਿਖਲਾਈ ਦੇ ਨਾਲ-ਨਾਲ ਸੰਬੰਧਤ ਵਿਸ਼ਿਆਂ ਦੀ ਪੇਸ਼ਕਾਰੀ ਵੀ ਸਿਖਾਈ ਜਾਵੇ

(3) ਆਪਣੀਆਂ ਸਮੁੱਚੀਆਂ ਵਿਸ਼ੇਸ਼ਤਾਵਾਂ ਨਾਲ ਅਕਾਦਮਿਕ ਵਿਸ਼ਿਆਂ ਦੀ ਮੁਹਾਰਤ ਲਈ

(4) ਨਵੀਆਂ ਸਥਿਤੀਆਂ ਦੀ ਬਣਤਰ ਅਤੇ ਸਿਧਾਂਤਾਂ ਨੂੰ ਸਿੱਖਣ ਦਾ ਅਮਲ

Downloaded From http://www.teachers-eligibility-test.com

Downloaded From http://www.teachers-eligibility-test.com



**125.** ਇਕ ਵਿਸ਼ੇਸ਼ ਲੋੜਾਂ ਵਾਲਾ ਕਲਾਸਰੂਮ ਹੋਣਾ ਚਾਹੀਦਾ ਹੈ

(1) ਹਰ ਕਿਸਮ ਦੇ ਸਿਖਿਆਰਥੀਆਂ ਨੂੰ ਸੰਗਠਿਤ ਕਰਨ ਵਾਲਾ

(2) ਨਿਯਮਿਤ ਅਧਿਆਪਕਾਂ ਦੀ ਮਦਦ ਲਈ ਵਾਧੂ ਅਧਿਆਪਕਾਂ ਦਾ ਹੋਣਾ

(3) ਨਿੰਵੇਕਲੀਆਂ ਤੇ ਵਿਸ਼ੇਸ਼ ਸਹੂਲਤਾਂ ਨਾਲ ਸੁਸੱਜਤ

(4) ਵੱਖਰੀ ਥਾਂ 'ਤੇ ਸਥਾਪਤ

**126.** ਪੂਰਵ ਪੜ੍ਹਤ ਗਤੀਵਿਧੀਆਂ ਦਾ ਮਕਸਦ ਹੈ

(1) ਸਬਦ ਵਿਚ ਰੁੱਚੀ ਵਧਾਉਣੀ

(2) ਆਨੰਦਦਾਇਕ ਸਿਖਲਾਈ ਤਜ਼ਰਬੇ ਮੁੱਹਈਆ ਕਰਨਾ

(3) ਨਵੇਂ ਸ਼ਬਦ ਪੜ੍ਹਾਉਣਾ

(4) ਵਿਦਿਆਰਥੀਆਂ ਦੇ 'ਗਿਆਨ' ਵਿਚ ਵਾਧਾ ਕਰਨਾ

**127.** ਕਦੇ ਹਥਿਆਰ ਨਾ ਸੁਟਣ ਦੀ ਰੁੱਚੀ ਪੈਦਾ ਕਰਨ ਲਈ ਇਕ ਯੋਗ ਗਤੀਵਿਧੀ ਹੈ ਜਦ ਵਿਦਿਆਰਥੀ

(1) ਸਮੂਹਾਂ ਵਿਚ ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਦਰਪੇਸ਼ ਮੁਸ਼ਕਲ ਸਥਿਤੀਆਂ ਬਾਰੇ ਗ੍ਰਾਫ ਤਿਆਰ ਕਰਨ

(2) ਪ੍ਰਿੰਸੀਪਲ ਦੀ ਆਗਿਆ ਨਾਲ ਬਾਹਰ ਜਾਣ ਦਾ ਪ੍ਰਬੰਧ ਕਰਨਾ ਅਤੇ ਅੰਗਰੇਜ਼ੀ ਦੇ ਪੀਰੀਅਡ ਦੌਰਾਨ ਖੇਡਣਾ

(3) ਦੋ ਹਰਮਨ-ਪਿਆਰੇ ਗੀਤ ਗਾਉਣ ਅਤੇ ਮਾਪਿਆਂ ਤੇ ਅਧਿਆਪਕਾਂ ਦੀ ਮੀਟਿੰਗ ਦੌਰਾਨ ਆਪਣੇ Art and Craft ਦਾ ਪ੍ਰਦਰਸ਼ਨ ਕਰਨ

(4) ਆਪਣੇ ਕਾਗਜ਼ੀ ਜਹਾਜ਼ਾਂ ਵਿਚ ਸੁਧਾਰ ਕਰਕੇ ਉਨ੍ਹਾਂ ਦੀ ਪੁਨਰ ਪਰਖ ਕਰਨ, ਉਨ੍ਹਾਂ ਨੂੰ ਭੇਜਣ ਵਾਸਤੇ ਵਧੀਆ ਤਰੀਕੇ ਦਾ ਤਜਰਬਾ ਕਰਨ ਅਤੇ ਆਪਣੀਆਂ ਲਭਤਾਂ ਸਾਂਝੀਆਂ ਕਰਨ

**128.** ਮੁੱਢਲੇ ਪੱਧਰ 'ਤੇ ਪੜ੍ਹਤ ਦਾ ਆਂਕਲਣ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਹੈ

(1) ਇਕ ਮੌਖਿਕ ਗੱਲਬਾਤ ਰਾਹੀਂ ਉਨ੍ਹਾਂ ਵਲੋਂ ਕੀਤੀ ਗਈ ਪੜ੍ਹਾਈ ਦਾ ਪਤਾ ਲਾ ਕੇ

(2) ਇਕ ਛੋਟੇ ਪ੍ਰੋਜੈਕਟ ਵਜੋਂ ਜਾਇਜ਼ਾ ਲੈਣ ਲਈ 50 ਸ਼ਬਦਾਂ ਦੀ ਬੁੱਕ/ਟੈਕਸਟ ਲਿਖ ਕੇ

(3) ਸ਼ਬਦਾਂ ਦੇ ਅਰਥਾਂ ਅਤੇ ਪ੍ਰਭਾਵਾਂ ਦੇ ਆਧਾਰ 'ਤੇ ਜ਼ੁਬਾਨੀ ਪ੍ਰਸ਼ਨੋਤਰੀ ਰਾਹੀਂ

(4) ਕਹਾਣੀ/ਟੈਕਸਟ ਵਿਚ ਪਾਤਰਾਂ ਅਤੇ ਘਟਨਾਵਾਂ ਦੇ ਆਧਾਰ 'ਤੇ ਲਿਖਤੀ ਟੈਕਸਟ ਰਾਹੀਂ

Downloaded From http://www.teachers-eligibility-test.com

Downloaded From http://www.teachers-eligibility-test.com



**129.** ਪਾਠਕ੍ਰਮ ਵਿਕਸਿਤ ਕਰਨ ਲਈ ਹੇਠ ਲਿਖੇ ਕ੍ਰਮ ਦਾ ਅਨੁਸਰਨ ਕਰਨਾ ਚਾਹੀਦਾ ਹੈ

(1) ਲੋੜਾਂ ਦਾ ਵਿਸ਼ਲੇਸ਼ਣ, ਉਦੇਸ਼ਾਂ ਨੂੰ ਤਹਿ ਕਰਨਾ, ਟੈਕਸਟਾਂ/ਸਿਖਲਾਈ ਤਜ਼ਰਬਿਆਂ ਦੀ ਚੋਣ/ਆਂਕਲਣ

(2) ਉਦੇਸ਼ਾਂ ਨੂੰ ਤਹਿ ਕਰਨਾ, ਲੋੜਾਂ ਦਾ ਆਂਕਲਣ, ਮੁਲਾਂਕਣ, ਟੈਕਸਟਾਂ/ਸਿਖਲਾਈ ਤਜ਼ਰਬਿਆਂ ਦੀ ਚੋਣ

(3) ਉਦੇਸ਼ਾਂ ਨੂੰ ਤਹਿ ਕਰਨਾ, ਲੋੜਾਂ ਦਾ ਆਂਕਲਣ, ਟੈਕਸਟਾਂ/ਸਿਖਲਾਈ ਤਜ਼ਰਬਿਆਂ ਦੀ ਚੋਣ ਤੇ ਮੁਲਾਂਕਣ

(4) ਟੈਕਸਟਾਂ/ਸਿਖਲਾਈ ਤਜ਼ਰਬਿਆਂ ਦੀ ਚੋਣ, ਲੋੜਾਂ ਦਾ ਆਂਕਲਣ, ਉਦੇਸ਼ਾਂ ਨੂੰ ਤਹਿ ਕਰਨਾ, ਮੁਲਾਂਕਣ

**130.** ਮੀਡੀਆ ਵਿਦਿਆਰਥੀਆਂ ਨੂੰ ਕਿਹੜੇ ਦੋ ਪ੍ਰਤੀਨਿਧ ਤਜ਼ਰਬਿਆਂ ਦੀ ਪੇਸ਼ਕਸ਼ ਕਰਦਾ ਹੈ ?

(1) ਪ੍ਰਦਰਸ਼ਨੀ ਬੋਰਡ, ਫਿਲਮ ਕਲਿਪਸ

(2) ਫ਼ੀਲਡ ਟਰਿਪਸ, ਰਾਵਾਂ

(3) ਅਸਲ ਵਸਤਾਂ ਅਤੇ ਨਮੂਨੇ

(4) ਸ਼ਬਦਾਂ ਦਾ ਨਿਚੋੜ, ਮਾਮਲੇ ਦੀ ਘੋਖ

**131.** ਕੰਪਿਊਟਰ ਦੀਆਂ ਸਹਾਇਕ ਹਦਾਇਤਾਂ (CAI) ਵਿਚ 'Simulation Mode' ਰਾਹੀਂ ਵਿਦਿਆਰਥੀ ਹਾਸਲ ਕਰਦੇ ਹਨ

(1) ਦੁਹਰਾਉਮੁਲਕ ਅਭਿਆਸ ਰਾਹੀਂ ਕਵਾਇਕਾਂ ਦੀ ਲੜੀ

(2) ਅਜਮਾਇਸ਼ ਅਤੇ ਗ਼ਲਤੀਆਂ ਦੇ ਇਕ ਅਮਲ ਰਾਹੀਂ ਸਮੱਸਿਆ ਦਾ ਨਿਪਟਾਰਾ

(3) ਅਸਲ ਜੀਵਨ ਦੇ ਪ੍ਰਬੰਧ ਅਤੇ ਪ੍ਰਪੰਚ

(4) ਫੌਰੀ ਫੀਡਬੈਕ ਨਾਲ ਸੁਆਲਾਂ ਰਾਹੀਂ ਅੰਸ਼ਿਕ ਸੂਚਨਾ

**132.** 'ਸ੍ਰਵਣ ਉਕਸਾਹਣ'

(1) ਵਿਸ਼ੇ ਦੇ ਜਾਇਜ਼ੇ ਲਈ ਇਕ ਚੰਗੇ ਵਿਆਖਿਆਨ ਨੂੰ ਸੁਣਨ ਲਈ ਉਤੇਜਤ ਕਰਦੀ ਹੈ

(2) ਵਿਦਿਆਰਥੀਆਂ ਨੂੰ ਕਿਸੇ ਦਿੱਤੇ ਹੋਏ ਕੰਮ ਨੂੰ ਪੂਰਾ ਕਰਨ ਅਤੇ ਉਸਦੀ ਪੇਸ਼ਕਾਰੀ ਲਈ ਸੁਣਨ ਦਾ ਸਮਰੱਥ ਬਣਾਉਂਦੀ ਹੈ

(3) ਵਿਦਿਆਰਥੀਆਂ ਦੇ ਇਕ ਵੱਖਰੇ ਸਮੂਹ ਨੂੰ ਸਾਮੱਗਰੀ ਪ੍ਰਦਾਨ ਕਰਦੀ ਹੈ ਜੋ ਸੁਣੀ ਹੋਈ ਕਿਸੇ ਗੱਲ 'ਤੇ ਚਰਚਾ ਕਰਨ ਲਈ ਦੁਬਾਰਾ ਇਕੱਠੇ ਹੁੰਦੇ ਹਨ

(4) ਨਿਰਦੇਸ਼ਾਂ ਵਾਂਗ ਗੈਪ ਐਕਟੀਵਿਟੀ ਲਈ ਇਕ ਜਾਣਕਾਰੀ ਪ੍ਰਦਾਨ ਕਰਦੀ ਹੈ

**133.** ਕਿਸੇ ਬੋਲ ਦੇ ਆਂਕਲਣ ਦੌਰਾਨ ਨਿੱਤਾ ਪ੍ਰਤੀ ਗੱਲਬਾਤ ਵਿਚ ਸ਼ਾਮਲ ਹੁੰਦਾ ਹੈ

(1) ਕਿਸੇ ਹੋਰ ਨਾਲ਼ ਟੈਲੀਫ਼ੋਨ 'ਤੇ ਗੱਲਬਾਤ ਕਰਨੀ

(2) ਆਂਕਲਣਕਰਤਾ ਵਲੋਂ ਦੋ ਜਾਂ ਦੋ ਤੋਂ ਵੱਧ ਵਸਤਾਂ, ਥਾਵਾਂ/ਘਟਨਾਵਾਂ ਦੀ ਤੁਲਣਾ ਕਰਨੀ

(3) ਅਰਥਾਂ ਦਾ ਵਿਚਾਰ ਵਟਾਂਦਰਾ, ਮੋੜਵੇਂ ਵਿਚਾਰ ਦੇਣਾ ਅਤੇ ਦੂਸਰਿਆਂ ਦੇ ਵਿਚਾਰਾਂ ਨੂੰ ਥਾਂ ਦੇਣੀ

(4) ਗ਼ੈਰ ਰਸਮੀ ਤੌਰ 'ਤੇ ਕਿਸੇ ਦੇ ਸਕੂਲ ਜਾਂ ਉਸ ਦੇ ਵਾਤਾਵਰਣ ਨੂੰ ਬਿਆਨਣਾ

Downloaded From http://www.teachers-eligibility-test.com

Downloaded From http://www.teachers-eligibility-test.com



**134.** ਲਿਖਿਤ ਵਿਚ ਪੁਨਰ ਲੱਭਤ ਦੀ ਮੁਹਾਰਤ ਹੈ

(1) ਵਡੇਰਾ ਹਵਾਲਾ ਕਾਰਜ ਕਰਨ ਦੀ ਸਮਰੱਥਾ

(2) ਪੜ੍ਹਣ ਲਿਖਣ ਦੌਰਾਨ ਜਾਣਕਾਰੀ ਸੰਗਠਿਤ ਕਰਨੀ

(3) ਨੋਟਿਸ ਬਣਾਉਣੇ ਅਤੇ ਨੋਟਿਸ ਲੈਣੇ

(4) ਚਿਤਰਾਤਮਕਤਾ ਅਤੇ ਸੰਖੇਪਤਾ

**135.** ਜਾਗ੍ਰਿਤੀ ਵਧਾਉਣ ਦੀਆਂ ਨੇਮਬੋਧ ਖੇਡਾਂ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੀਆਂ ਹਨ

(1) ਅਧਿਆਪਕ ਵਲੋਂ ਸੰਰਚਨਾਵਾਂ ਉਪਰ ਕਾਬੂ ਪਾਉਣ ਸਮੇਂ ਰੁਚੀ ਵਧਾਉਣ ਅਤੇ ਅਰਥਾਂ ਦਾ ਅਹਿਸਾਸ ਕਰਾਉਣ ਲਈ

(2) ਦਿੱਤੇ ਹੋਏ ਇਕ ਵਿਸ਼ੇ ਦਾ ਅੰਤਰ ਵਟਾਂਦਰਾ ਕਰਨ ਲਈ ਸਿੱਖੀਆਂ ਹੋਈਆਂ ਸੰਰਚਨਾਵਾਂ ਦੀ ਵਰਤੋਂ ਕਰਨ ਲਈ

(3) ਉਨ੍ਹਾਂ ਵਲੋਂ ਸਿੱਖੀਆਂ ਸੰਰਚਨਾਵਾਂ ਬਾਰੇ ਲਗਾਤਾਰ ਸੋਚਣ ਲਈ

(4) ਦਿੱਤੀ ਹੋਈ ਗਤੀਵਿਧੀ ਨੂੰ ਪੂਰਾ ਕਰਨ ਵਾਸਤੇ ਸਹਿਯੋਗੀ ਬਣਨ ਲਈ

***ਨੋਟ :*** *ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 136 ਤੋਂ 144 ਤਕ ਦੇ ਉੱਤਰਾਂ ਵਿੱਚੋਂ* ***ਢੁੱਕਵੇਂ ਉੱਤਰ ਚੁਣੋ ।***

ਸਾਊ ਉਹ ਹੈ ਜੋ ਸੋਹਣਾ ਵਰਤੇ । ਅੰਗਰੇਜ਼ੀ ਦੇ ਲਫ਼ਜ਼ 'ਜੈਂਟਲਮੈਨ' ਵਾਂਗੂੰ 'ਸਾਊ' ਦੇ ਅਰਥ ਭੀ ਬਦਲਦੇ ਆਏ ਹਨ । ਪਹਿਲਾਂ ਪਹਿਲ ਇਹ ਲਫ਼ਜ਼ ਸਮਾਜਕ ਜਾਂ ਖ਼ਾਨਦਾਨੀ ਵਡਿਆਈ ਦਾ ਵਾਚਕ ਸੀ । ਸਾਊ ਜਾਂ ਰਾਠ ਉਹ ਲੋਕ ਹੁੰਦੇ ਸਨ, ਜਿਹੜੇ ਰਾਜੇ ਦੇ ਸਾਥੀ ਹੋਣ, ਰਾਜ ਦਰਬਾਰ ਜਾਂ ਜੰਗ ਵਿੱਚ ਸ਼ਾਮਲ ਹੋ ਕੇ ਉਸ ਦਾ ਸਾਥ ਦੇਣ, ਜਿਹੜੇ ਆਮ ਲੋਕਾਂ ਵਾਂਗੂ ਮਿਹਨਤ ਮਜ਼ੂਰੀ ਕਰਕੇ ਪੇਟ ਪਾਲਣ ਦੀਆਂ ਲੋੜਾਂ ਤੋਂ ਉੱਤੇ ਹੋਣ । 'ਨਾਈਆਂ ਦੀ ਜੰਞ ਸਭੋ ਸਾਊ' ਦੇ ਅਖਾਣ ਵਿੱਚ ਇਸੇ ਵੰਡ ਵਲ ਇਸ਼ਾਰਾ ਹੈ । ਸਾਊ ਲੋਕ 'ਭੁਈਂ ਨਈਂ ਦੇ ਸਾਈਂ' ਹੁੰਦੇ ਸਨ । ਚੰਗਾ ਖਾਂਦੇ ਤੇ ਸੋਹਣਾ ਹੰਢਾਂਦੇ ਸਨ । ਉਹਨਾਂ ਦੇ ਜੁੱਸੇ ਮੱਖਣਾਂ ਤੇ ਪਲੇ ਹੋਏ ਸੋਹਣੇ, ਸੁਡੌਲ ਤੇ ਨਕਸ਼ ਤਿੱਖੇ ਹੁੰਦੇ ਸਨ । 'ਜੇਡਾ ਸਿਰ ਤੇਡੀ ਸਿਰ ਪੀੜਾ' ਦਾ ਅਖਾਣ ਦੱਸਦਾ ਹੈ ਕਿ ਸਾਊਆਂ ਦੇ ਸਿਰ ਵੱਡੇ ਹੁੰਦੇ ਸਨ ਅਤੇ ਇਹਨਾਂ ਉੱਤੇ ਉੱਨੀਆਂ ਹੀ ਵੱਡੀਆਂ ਪੱਗਾਂ । ਉਹਨਾਂ ਦਾ ਪਹਿਰਾਵਾ, ਨੁੱਕ ਅਥਰੋ ਵਾਲਾ ਤੇ ਆਮ ਲੋਕਾਂ ਲਈ ਨਮੂਨੇ ਦਾ ਕੰਮ ਦਿੰਦਾ ਸੀ । ਖਾਸ ਕਰ ਉਹਨਾਂ ਦੇ ਬੋਲ ਮਿੱਠੇ, ਕੋਮਲ ਤੇ ਸੱਭਿਅਤਾ ਵਾਲੇ ਹੁੰਦੇ ਸਨ । ਉਹਨਾਂ ਨੂੰ ਮੌਕੇ ਸਿਰ ਪਹਿਲੀ ਗੱਲ ਆਖਣ ਦੀ ਜਾਚ ਆਉਂਦੀ ਸੀ । ਚਾਲ-ਢਾਲ ਵਿੱਚ ਬਿਨਾਂ ਹੈਂਕੜ ਦੇ ਗੰਭੀਰ, ਅਝੁੱਕ ਹੋਣ ਦੇ ਬਾਵਜੂਦ ਨਿਮ੍ਰੀ ਨਿਮ੍ਰੀ ਲੱਜਾ ਵਾਲੇ ਤੇ ਹੋਛੇ ਦਿਖਾਵੇ ਤੋਂ ਬਿਨਾਂ ਮਰ ਮਿਟਣਾ, ਬਾਂਹ ਫੜੀ ਦੀ ਲਾਜ

Downloaded From http://www.teachers-eligibility-test.com

Downloaded From http://www.teachers-eligibility-test.com



ਰੱਖਣੀ, ਬਚਨ ਦਾ ਪੱਕਾ ਹੋਣਾ, ਔਕੜ ਦੇ ਵੇਲੇ ਢੇਰੀ ਨਾ ਢਾਹ ਬਹਿਣੀ, ਸਗੋਂ ਖਿੜੇ-ਮੱਥੇ ਹੌਂਸਲੇ ਨਾਲ ਮੁਸੀਬਤ ਦਾ ਟਾਕਰਾ ਕਰਨਾ – ਇਹ ਉਹਨਾਂ ਦੇ ਖ਼ਾਸ ਗੁਣ ਹੁੰਦੇ ਸਨ । ਇਹਨਾਂ ਦੇ ਉਲਟ ਆਸਾਉ ਜਾਂ ਕੰਮੀਂ ਲੋਕਾਂ ਦਾ ਖ਼ਾਸ ਔਗੁਣ 'ਕਮੀਨਗੀ' ਹੁੰਦਾ ਸੀ, ਜਿਸ ਵਿੱਚ ਨੀਚਤਾ, ਕਾਇਰਤਾ, ਹੋਛਾਪਣ, ਤੰਗਦਿਲੀ, ਨਿਲੱਜਤਾ, ਸੰਗਾਊਪਣਾ, ਅਵੈੜ, ਮੋਟੀ, ਠੁੱਲ੍ਹੀ ਬੋਲੀ ਤੇ ਹਰ ਤਰ੍ਹਾਂ ਦਾ ਕੁਹਜ ਸ਼ਾਮਲ ਸੀ ।

**136.** ਉਪਰੋਕਤ ਪੈਰੇ ਵਿਚ 'ਅਸਾਊ' ਸ਼ਬਦ ਦੀ ਵਰਤੋਂ ਕਿਨ੍ਹਾਂ ਅਰਥਾਂ ਵਿਚ ਨਹੀਂ ਹੋਈ ?

(1) ਸੰਗਾਊ

(2) ਕਾਇਰ

(3) ਕੰਮੀਂ ਲੋਕ

(4) ਨਾਬਰਾਬਰ

**137.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਹੈ ?

(1) ਵੱਡੀਆਂ ਪੱਗਾਂ

(2) ਲਾਜ ਰੱਖਣੀ

(3) ਚਾਲ ਢਾਲ

(4) ਆਮ ਲੋਕ

**138.** 'ਨਿਮ੍ਹੀ' ਸ਼ਬਦ ਦਾ ਅਤਿ ਆਰਥ ਹੈ

(1) ਮੁਸਕਰਾਹਟ

(2) ਥੌੜ੍ਹੀ

(3) ਨਿੰਮ ਦੀ ਦਾਤਣ

(4) ਇਨ੍ਹਾਂ ਵਿਚੋਂ ਕੋਈ ਨਹੀਂ

**139.** 'ਭੁਈਂ ਨਈਂ ਦੇ ਸਾਈਂ' ਤੋਂ ਭਾਵ ਹੈ

(1) ਬੇਜ਼ਮੀਨੇ ਲੋਕ

(2) ਉਸ ਜ਼ਮੀਨ ਦਾ ਮਾਲਕ ਜਿਸਨੂੰ ਨਦੀ ਨਾਲ ਲਗਦੀ ਹੋਵੇ

(3) ਵੱਡੀਆਂ ਜ਼ਮੀਨਾਂ ਵਾਲੇ

(4) ਇਨ੍ਹਾਂ ਵਿਚੋਂ ਕੋਈ ਨਹੀਂ

**140.** 'ਰਾਠ' ਸ਼ਬਦ ਨੂੰ ਕਿਨ੍ਹਾਂ ਅਰਥਾਂ ਵਿਚ ਨਹੀਂ ਵਰਤਿਆ ਜਾਂਦਾ ?

(1) ਦੋਸ਼ੀ

(2) ਰੱਜਿਆ-ਪੁੱਜਿਆ

(3) ਰਾਜੇ ਦਾ ਸਾਥੀ

(4) ਅਮੀਰ

Downloaded From http://www.teachers-eligibility-test.com

Downloaded From http://www.teachers-eligibility-test.com



*ਹੇਠਾਂ ਦਿੱਤੀ ਸਤਰ ਨੂੰ ਪੜ੍ਹਕੇ ਪ੍ਰਸ਼ਨ ਸੰਖਿਆ 141 – 144 ਦੇ ਉੱਤਰ ਦਿਉ ।*

ਸਾਊ ਜਾਂ ਰਾਠ ਉਹ ਲੋਕ ਹੁੰਦੇ ਸਨ, ਜਿਹੜੇ ਰਾਜੇ ਦੇ ਸਾਥੀ ਹੋਣ, ਰਾਜ ਦਰਬਾਰ ਜਾਂ ਜੰਗ ਵਿਚ ਸ਼ਾਮਲ ਹੋ ਕੇ ਉਸਦਾ ਸਾਥ ਦੇਣ, ਜਿਹੜੇ ਆਮ ਲੋਕਾਂ ਵਾਂਗੂੰ ਮਿਹਨਤ ਮਜ਼ੂਰੀ ਕਰਕੇ ਪੇਟ ਪਾਲਣ ਦੀਆਂ ਲੋੜਾਂ ਤੋਂ ਉੱਤੇ ਹੋਣ ।

**141.** ਉਪਰੋਕਤ ਸਤਰ ਵਿਚ ਸ਼ਬਦ 'ਆਮ' ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਆਮ ਨਾਂਵ

(2) ਵਿਸ਼ੇਸ਼ਣ

(3) ਕਿਰਿਆ

(4) ਇਕੱਠ ਵਾਚਕ ਨਾਂਵ

**142.** _________ ਸ਼ਬਦ ਯੋਜਕ ਵਜੋਂ ਵਰਤਿਆ ਗਿਆ ਹੈ ।

(1) ਤੋਂ

(2) ਵਾਂਗੂ

(3) ਦੇ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

**143.** 'ਉਹ' ਸ਼ਬਦ ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਪੜਨਾਂਵ

(2) ਵਿਸ਼ੇਸ਼ਣ

(3) ਨਾਂਵ

(4) ਉਪਰੋਕਤ ਵਿਚੋਂ ਕੋਈ ਨਹੀਂ

**144.** ਦਿੱਤੇ ਗਏ ਪੈਰੇ ਵਿਚ 'ਸਾਊ-ਪੁਣਾ' ਦਾ ਸੰਕਲਪ ਕਿਸ ਸੰਦਰਭ ਵਿਚ ਉਲੀਕਿਆ ਗਿਆ ਹੈ ?

(1) ਭਵਿੱਖਕਾਲਕ ਸੰਦਰਭ ਵਿਚ

(2) ਭੂਤਕਾਲਕ ਅਤੇ ਭਵਿਖ-ਕਾਲਕ ਸੰਦਰਭ ਵਿਚ

(3) ਵਰਤਮਾਨ ਸੰਦਰਭ ਵਿਚ

(4) ਭੂਤਕਾਲਕ ਸੰਦਰਭ ਵਿਚ

***ਨੋਟ*** *: ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨ ਨੰ. 145 ਤੋਂ 150 ਤਕ ਦੇ ਉੱਤਰਾਂ ਵਿੱਚੋਂ* ***ਢੁਕਵੇਂ ਉੱਤਰ ਚੁਣੋ*** *।*

ਮੈਨੂੰ ਪਤਾ ਸੀ ਪਿਛੋਂ ਘਰ ਵਿਚ ਖ਼ੂਬ ਰੌਲਾ ਪਵੇਗਾ । ਪੁੱਤਰ ਦਾ ਇਜਾਜ਼ਤ ਲਏ ਬਿਨਾਂ ਜਾਣਾ ਮਾਫ਼ ਕੀਤਾ ਜਾ ਸਕਦਾ ਹੈ, ਪਰ ਨੂੰਹ ਦਾ ਕਦੇ ਨਹੀਂ । ਪਰ ਦੋਵੇਂ ਅਲੜ੍ਹ ਸਾਂ । ਵਾਪਸ ਆ ਕੇ ਵੇਖਿਆ ਜਾਵੇਗਾ । ਦੇ ਪਈਆਂ ਵਿੱਸਰ ਗਈਆਂ, ਯਾਰਾਂ ਦੀਆਂ ਦੂਰ ਬਲਾਈਂ । ਲਾਹੌਰ ਪੁਜਾ ਡਰਾਮਾ ਵੇਖਿਆ, ਬੜੀਆਂ ਐਸ਼ਾਂ ਕੀਤੀਆਂ । ਦੂਜੀ ਰਾਤ ਬਾਕੀ ਦੇ ਪੈਸਿਆਂ ਨਾਲ ਦੋ ਥਰਡ ਕਲਾਸ ਦੀਆਂ ਟਿਕਟਾਂ ਖ਼ਰੀਦੀਆਂ । ਬਾਰਾਂ ਵਜੇ ਦੀ ਗੱਡੀ ਚੜ੍ਹੇ । ਭੀੜ ਬਹੁਤ ਸੀ । ਦਮੋ ਨੂੰ ਵਖਰੇ ਜ਼ਨਾਨੇ ਡੱਬੇ ਵਿਚ ਬਿਠਾਇਆ । ਰਾਤ ਸਾਰੀ ਮੈਂ ਉਹਦੀ ਸੁਰਤ ਸੋਝੀ ਨਾ ਕਰ ਸਕਿਆ, ਹਾਲਾਂਕਿ ਨਵੇਂ ਪਤੀ ਨੂੰ ਆਪਣੀਆਂ ਜ਼ਿਮੇਵਾਰੀਆਂ ਦਾ ਅਹਿਸਾਸ ਬਹੁਤ ਹੁੰਦੇ ! ਸਵੇਰੇ ਜ਼ਰਾ ਚਿਰਾਕੇ ਅੱਖ ਖੁਲ੍ਹੀ ਤੇ ਅਗਲਾ ਸਟੇਸ਼ਨ ਆਉਂਦਿਆਂ ਹੀ ਮੈਂ ਜ਼ਨਾਨੇ ਡੱਬੇ ਵਲ ਤੁਰ ਪਿਆ । ਪਰ ਓਥੇ ਜਾ ਕੇ ਵੇਖਿਆ, ਡੱਬਾ ਖ਼ਾਲ-ਮਖ਼ਾਲੀ । ਇਕ ਬੁੱਢੀ ਤੀਵੀਂ ਬੈਠੀ ਸੀ । ਉਸ ਅੱਗੇ ਮੈਂ ਦਮੋ ਦਾ ਸਾਰਾ ਹੁਲੀਆ ਬਿਆਨ ਕੀਤਾ, ਪਰ ਉਸ ਨੇ ਤਾਂ ਉਹੋ ਜਿਹੀ ਕਿਸੇ ਕੁੜੀ ਨੂੰ

Downloaded From http://www.teachers-eligibility-test.com

Downloaded From http://www.teachers-eligibility-test.com



ਵੇਖਿਆ ਨਹੀਂ ਸੀ । ਮੇਰੀਆਂ ਅੱਖਾਂ ਅਗੇ ਸਰ੍ਹੋਂ ਫੁਲ ਪਈ । ਛੋਟਾ ਜਿਹਾ ਸਟੇਸ਼ਨ ਸੀ । ਗੱਡੀ ਝਟ ਤੁਰ ਪਈ, ਤੇ ਮੈਂ ਬੇਹੋਸ਼ੀ ਜਿਹੀ ਦੀ ਹਾਲਤ ਵਿਚ ਫੇਰ ਆਪਣੇ ਡੱਬੇ ਵਿਚ ਸੁਆਰ ਹੋ ਗਿਆ । ਅਗਲੇ ਸਟੇਸ਼ਨ ਤੀਕ ਜੋ ਮੇਰਾ ਹਾਲ ਹੋਇਆ ਰੱਬ ਕਿਸੇ ਨੂੰ ਨਾ ਵਿਖਾਏ । ਮੈਨੂੰ ਕੀ ਮੌਤ ਪਈ ਸੀ ਉਹਨੂੰ ਅਲੱਗ ਡੱਬੇ ਵਿਚ ਬਿਠਾਲਣ ਦੀ ? ਖ਼ੌਰੇ ਕੀ ਵਾਪਰ ਗਿਆ ? ਇਕ ਵਾਰੀ ਗੁਆਚੀ ਹੋਈ ਨੇ ਫੇਰ ਕਿਥੇ ਲਭਣੇਂ ? ਮਜ਼ਲੂਮ ਦੀ ਕਾਨੂੰਨ ਦੇ ਅੱਗੇ ਵੀ ਤਾ ਕੋਈ ਸੁਣਵਾਈ ਨਹੀਂ । ਕਿਸੇ ਨੇ ਸਾਥ ਨਹੀਂ ਦੇਣਾ । ਹੁਣ ਮੈਂ ਘਰ ਜਾ ਕੇ ਕੀ ਮੂੰਹ ਵਿਖਾਵਾਂਗਾ ? ਸਾਰਾ ਸਹਿਰ ਉਲਟਾ ਮੈਨੂੰ ਹੀ ਫਿਟਕਾਰੇਗਾ – ਫਲ ਮਿਲ ਗਿਆ ਫ਼ੈਸ਼ਨ ਪਿੱਟਿਆਂ ਨੂੰ ਏਨੀ ਅੱਤ ਜੋ ਚਾਈ ਹੋਈ ਸੀ । ਸੁਰੱਖਿਅਤਾ ਤੇ ਬੇ-ਫ਼ਿਕਰੀ ਸਾਡੇ ਦੇਸ਼ ਵਿਚ ਕਿਤਨੀ ਛਿਣ-ਭੰਗਰ ਚੀਜ਼ ਸੀ, ਇਹਦਾ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ।

**145.** ਅਲਵ੍ਹੜ ਦਾ ਅਭਿਧਾਰਥ ਹੈ

(1) ਝਗੜਾਲੂ

(2) ਨੌਜਵਾਨ

(3) ਨਾਸਮਝ

(4) ਦੁਖੀ

**146.** 'ਦਮੋ' ਕੌਣ ਹੈ ?

(1) ਨਵ ਵਿਆਹੀ ਮੁਟਿਆਰ

(2) ਵਾਰਤਾਕਾਰ ਦੀ ਪਤਨੀ

(3) ਗੱਡੀ ਵਿਚ ਗਵਾਚੀ ਇਕ ਇਸਤਰੀ

(4) ਉਪਰੋਕਤ ਤਿੰਨੇਂ

**147.** 'ਅੱਖਾਂ ਅੱਗੇ ਸਰ੍ਹੋਂ ਫੁੱਲਣਾ' ਦਾ ਅਰਥ ਹੈ

(1) ਕੁਝ ਨ ਸੁੱਝਣਾ

(2) ਪਸ਼ੇਮਾਨ ਹੋਣਾ

(3) ਪੀਲਾ ਪੀਲਾ ਦਿਖਾਈ ਦੇਣਾ

(4) ਖੁਸ਼ੀ ਅਨੁਭਵ ਹੋਣੀ

**148.** 'ਗੱਡੀ ਝੱਟ ਤੁਰ ਪਈ ਤੇ ਮੈਂ ਬੇਹੋਸ਼ੀ ਜਿਹੀ ਦੀ ਹਾਲਤ ਵਿਚ ਫੇਰ ਆਪਣੇ ਡੱਬੇ ਵਿਚ ਸਵਾਰ ਹੋ ਗਿਆ ।' ਇਸ ਵਾਕ ਦੀ ਕਿਹੜੀ ਕਿਸਮ ਹੈ ?

(1) ਮਿਸ਼ਰਿਤ ਵਾਕ

(2) ਸੰਯੁਕਤ ਵਾਕ

(3) ਸਧਾਰਨ ਵਾਕ

(4) ਅਰਧ ਮਿਸ਼ਰਿਤ ਵਾਕ

**149.** 'ਦੋ ਪਈਆਂ ਵਿੱਸਰ ਗਈਆਂ' ਵਾਕ ਵਿਚ ਸ਼ਬਦ 'ਦੋ' ਕਿਸ ਵਿਆਕਰਣਕ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਕਿਰਿਆ

(2) ਨਾਂਵ

(3) ਵਿਸ਼ੇਸਣ

(4) ਉਪਰੋਕਤ ਵਿਚੋਂ ਕੋਈ ਨਹੀਂ

**150.** 'ਬਾਰਾਂ ਵਜੇ ਦੀ ਗੱਡੀ ਚੜ੍ਹੇ ।' ਵਾਕ ਵਿਚ 'ਚੜ੍ਹੇ' ਸ਼ਬਦ ਕਿਸ ਸ਼੍ਰੇਣੀ ਨਾਲ ਸੰਬੰਧਿਤ ਹੈ ?

(1) ਕਿਰਿਆ + ਭੂਤਕਾਲ

(2) ਕਿਰਿਆ ਵਿਸ਼ੇਸ਼ਣ

(3) ਕਿਰਿਆ + ਭਵਿਕਾਲ

(4) ਕਿਰਿਆ + ਵਰਤਮਾਨਕਾਲ

Downloaded From http://www.teachers-eligibility-test.com

Downloaded From http://www.teachers-eligibility-test.com


## SPACE FOR ROUGH WORK

Downloaded From http://www.teachers-eligibility-test.com

Downloaded From http://www.teachers-eligibility-test.com


ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
2. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
3. ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
4. ਪਰੀਖਿਆ ਪੁਸਤਿਕਾ / ਉੱਤਰ ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
6. ਨਿਰੀਖਿਅਕ ਦੇ ਮੰਗਣ ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
8. ਨਿਰੀਖਿਅਕ ਨੂੰ ਆਪਣਾ ਉੱਤਰ ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
9. ਇਲੈਕਟ੍ਰਾਨਿਕ / ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ ।
10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
11. ਕਿਸੇ ਵੀ ਸਥਿਤੀ ਵਿੱਚ ਪਰੀਖਿਆ ਪੁਸਤਿਕਾ ਅਤੇ ਉੱਤਰ ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ / ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ । *ਪਰੀਖਿਆਰਥੀ ਇਸ ਪਰੀਖਿਆ ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।***

Downloaded From http://www.teachers-eligibility-test.com

Downloaded From http://www.teachers-eligibility-test.com



**READ CAREFULLY THE FOLLOWING INSTRUCTIONS :**

1. Out of the four alternatives for each question, only one circle for the correct answer is to be darkened completely with Blue/Black Ball Point Pen on Side-2 of the OMR Answer Sheet. The answer once marked is not liable to be changed.
2. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
3. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
4. The candidates will write the correct Test Booklet Code and Number as given in the Test Booklet / Answer Sheet in the Attendance Sheet.
5. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
6. Each candidate must show on demand his / her Admission Card to the Invigilator.
7. No candidate, without special permission of the Superintendent or Invigilator, should leave his / her seat.
8. The candidates should not leave the Examination Hall without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet a second time will be deemed not to have handed over the Answer Sheet and dealt with as an unfair means case.
9. Use of Electronic / Manual Calculator is prohibited.
10. The candidates are governed by all Rules and Regulations of the Board with regard to their conduct in the Examination Hall. All cases of unfair means will be dealt with as per Rules and Regulations of the Board.
11. No part of the Test Booklet and Answer Sheet shall be detached under any circumstances.
12. **On completion of the test, the candidate must hand over the Answer Sheet to the Invigilator in the Room / Hall.** ***The candidates are allowed to take away this Test Booklet with them.***

**निम्नलिखित निर्देश ध्यान से पढ़ें :**

1. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के पृष्ठ-2 पर केवल एक वृत्त को ही पूरी तरह नीले/काले बॉल पॉइन्ट पेन से भरें । एक बार उत्तर अंकित करने के बाद उसे बदला नहीं जा सकता है ।
2. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर पत्र में निर्धारित स्थान के अतिरिक्त अन्यत्र न लिखें ।
3. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
4. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
5. परीक्षार्थी द्वारा परीक्षा हॉल/कक्ष में प्रवेश कार्ड के सिवाय किसी प्रकार की पाठ्य सामग्री, मुद्रित या हस्तलिखित, काग़ज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
6. पूछे जाने पर प्रत्येक परीक्षार्थी, निरीक्षक को अपना प्रवेश-कार्ड दिखाएँ ।
7. अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
8. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा ।
9. इलेक्ट्रॉनिक / हस्तचालित परिकलक का उपयोग वर्जित है ।
10. परीक्षा-हॉल में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फ़ैसला बोर्ड के नियमों एवं विनियमों के अनुसार होगा ।
11. किसी हालत में परीक्षा पुस्तिका और उत्तर पत्र का कोई भाग अलग न करें ।
12. **परीक्षा सम्पन्न होने पर, परीक्षार्थी कक्ष / हॉल छोड़ने से पूर्व उत्तर पत्र कक्ष-निरीक्षक को अवश्य सौंप दें ।** ***परीक्षार्थी अपने साथ इस परीक्षा पुस्तिका को ले जा सकते हैं ।***

SEAL

Downloaded From http://www.teachers-eligibility-test.com